ਵੱਲ

ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ,
ਪੰਜਾਬ ਰਾਜ।

ਨੰ: ਪਸਸਬ........38291.......... ਸ.ਸ.ਕਸ. ਮਿਤੀ ....8/2/2016...... ਐਸ.ਏ.ਐਸ.ਨਗਰ

ਵਿਸ਼ਾ :- ਦਸਵੀਂ/ਬਾਰ੍ਹਵੀਂ ਸ਼੍ਰੇਣੀ ਫਰਵਰੀ/ਮਾਰਚ 2016 ਦੀ ਸਲਾਨਾ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਬੈਂਕਾਂ ਦੀ ਸੇਫ ਕਸਟੱਡੀ ਵਿੱਚ ਰੱਖਣ ਅਤੇ ਪ੍ਰੀਖਿਆ ਵਾਲੇ ਦਿਨ ਬੈਂਕ ਤੋਂ ਪ੍ਰਾਪਤ ਕਰਨ ਸਬੰਧੀ।

ਸ੍ਰੀਮਾਨ ਜੀ,

1. ਦਸਵੀਂ /ਬਾਰ੍ਹਵੀਂ ਸ਼੍ਰੇਣੀ ਫਰਵਰੀ/ਮਾਰਚ 2016 ਦੀ ਸਲਾਨਾ ਪ੍ਰੀਖਿਆ ਮਿਤੀ 20-02-2016 ਤੋਂ 19-03-2016 ਤੱਕ ਨਾਲ ਨੱਥੀ ਡੇਟਸ਼ੀਟ ਅਨੁਸਾਰ ਕਰਵਾਈ ਜਾ ਰਹੀ ਹੈ।
2. ਬੋਰਡ ਵੱਲੋਂ ਨਿਯੁਕਤ ਟੀਮਾਂ ਬਾਰ੍ਹਵੀਂ ਸ਼੍ਰੇਣੀ ਦੇ ਪ੍ਰਸ਼ਨ-ਪੱਤਰ ਮਿਤੀ 15-02-2016 ਨੂੰ ਮੁੱਖ ਦਫਤਰ ਤੋਂ ਲੈ ਕੇ ਆਉਣਗੀਆਂ ਅਤੇ ਸਬੰਧਤ ਜਿਲ੍ਹਾ ਮੈਨੇਜਰ ਖੇਤਰੀ ਦਫਤਰ ਦੀ ਟੀਮ ਆਪਣੀ ਨਿਗਰਾਨੀ ਹੇਠ ਮਿਤੀ 16-02-2016 ਤੋਂ 18-02-2016 ਤੱਕ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰਜ਼ ਨੂੰ ਪ੍ਰਸ਼ਨ-ਪੱਤਰ ਪ੍ਰਾਪਤ ਕਰਵਾਕੇ ਬੈਂਕ ਵਿੱਚ ਰਖਵਾਉਣਗੀਆਂ। ਪ੍ਰਸ਼ਨ-ਪੱਤਰ ਪ੍ਰਾਪਤ ਕਰਨ ਵਾਲਾ ਅਧਿਕਾਰੀ ਸਕੂਲ ਦੇ ਲੈਟਰ ਪੈਡ ਉੱਪਰ ਕੀਤੇ ਹਸਤਾਖਰ ਅਤੇ ਸ਼ਨਾਖਤੀ ਕਾਰਡ ਬੈਂਕ ਵਿੱਚ ਪੇਸ਼ ਕਰੇਗਾ।
3. ਇਸੇ ਤਰਾਂ ਬੋਰਡ ਵੱਲੋਂ ਨਿਯੁਕਤ ਟੀਮਾਂ ਦਸਵੀਂ ਸ਼੍ਰੇਣੀ ਦੇ ਪ੍ਰਸ਼ਨ-ਪੱਤਰ ਮਿਤੀ 28-02-2016 ਨੂੰ ਲੈਕੇ ਆਉਣਗੀਆਂ ਅਤੇ ਸਬੰਧਤ ਜਿਲ੍ਹਾ ਮੈਨੇਜਰ ਖੇਤਰੀ ਦਫਤਰ ਦੀ ਟੀਮ ਆਪਣੀ ਨਿਗਰਾਨੀ ਹੇਠ ਮਿਤੀ 29-02-2016 ਤੋਂ 02-03-2016 ਤੱਕ ਕੇਂਦਰ ਕੰਟਰੋਲਰਜ਼ ਨੂੰ ਪ੍ਰਸ਼ਨ-ਪੱਤਰ ਪ੍ਰਾਪਤ ਕਰਵਾਕੇ ਬੈਂਕ ਵਿੱਚ ਰਖਵਾਉਣਗੀਆਂ।
4. ਪ੍ਰੀਖਿਆਵਾਂ ਸ਼ੁਰੂ ਹੋਣ ਤੇ ਇਹ ਅਧਿਕਾਰੀ ਹੀ ਸਵੇਰ ਅਤੇ ਸ਼ਾਮ ਦੇ ਪ੍ਰਸ਼ਨ ਪੱਤਰ ਡੇਟਸ਼ੀਟ ਅਨੁਸਾਰ ਪ੍ਰੀਖਿਆ ਵਾਲੇ ਦਿਨ ਸਵੇਰੇ 8:00 ਵਜੇ ਤੋਂ 9:00 ਵਜੇ ਤੱਕ ਸ਼ਨਾਖਤੀ ਪੱਤਰ (**Identity Card**) ਪੇਸ਼ ਕਰਕੇ ਆਪਣੇ ਹਸਤਾਖਰਾਂ ਹੇਠ ਪ੍ਰਾਪਤ ਕਰੇਗਾ।
5. ਮਿਤੀ 27-02-2016 ਅਤੇ 12-03-2016 (ਸ਼ਨਿੱਚਰਵਾਰ) ਦੇ ਪ੍ਰਸ਼ਨ-ਪੱਤਰ ਇੱਕ ਦਿਨ ਪਹਿਲਾਂ ਭਾਵ ਸ਼ੁਕੱਰਵਾਰ ਨੂੰ ਹੀ ਸਬੰਧਿਤਾਂ ਨੂੰ ਪ੍ਰਾਪਤ ਕਰ ਲਏ ਜਾਣ।
6. ਦਸਵੀਂ/ਬਾਰ੍ਹਵੀਂ ਸ਼੍ਰੇਣੀ ਦੇ ਪ੍ਰਸ਼ਨ-ਪੱਤਰ ਇੱਕ ਹੀ ਟਰੰਕ ਵਿੱਚ ਰੱਖੇ ਜਾਣਗੇ।
7. ਪ੍ਰਸ਼ਨ ਪੱਤਰ ਡੇਟ ਸ਼ੀਟ ਅਨੁਸਾਰ ਉਸੇ ਵਿਸ਼ੇ ਦਾ ਪ੍ਰਾਪਤ ਕੀਤਾ ਜਾਵੇ ਅਤੇ ਬੈਂਕ ਤੋਂ ਰਸੀਦ ਵੀ ਲਈ ਜਾਵੇ।
8. ਕੇਂਦਰ ਕੰਟਰੋਲਰ ਪ੍ਰੀਖਿਆ ਕੇਂਦਰ ਵਿੱਚ ਪ੍ਰਸ਼ਨ-ਪੱਤਰ 9:30 ਵਜੇ ਤੱਕ ਪਹੁੰਚਾਉਣਾ ਯਕੀਨੀ ਬਣਾਏਗਾ।
9. ਇਸ ਕਾਰਜ ਲਈ ਆਪ ਜੀ ਦੇ ਸਹਿਯੋਗ ਦੀ ਸਖਤ ਜ਼ਰੂਰਤ ਹੈ। ਕਿਸੇ ਵੀ ਤਰਾਂ ਦੀ ਜਾਣਕਾਰੀ ਲਈ ਫੋਨ ਨੰ-0172-3047328, 320,321, 322 ਤੇ ਸੰਪਰਕ ਕੀਤਾ ਜਾਵੇ।

ਨੱਥੀ :- ਡੇਟਸ਼ੀਟ

ਸਹਾਇਕ ਸਕੱਤਰ (ਕੰਡਕਟ)
ਵਾਸਤੇ ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ

ਉਤਾਰਾ :- ਸਮੂਹ ਜਿਲ੍ਹਾ ਸਿੱਖਿਆ ਅਫਸਰ/ਮੈਨੇਜਰ, ਖੇਤਰੀ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਸਕੱਤਰ (ਕੰਡਕਟ)
ਵਾਸਤੇ ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ